**ਨਿਊਜ਼** ਰਿਲੀਜ਼

# ਕੇ-6 ਕਰੀਕੁਲਮ ਦਾ ਅੱਪਡੇਟ ਕੀਤਾ ਖਰੜਾ ਪਾਇਲਟਿੰਗ ਲਈ ਤਿਆਰ

17 ਮਈ 2022

---

## ਸਕੂਲ ਅਧਿਕਾਰੀ ਇਸ ਪੱਤਝੜ ਰੁੱਤੇ ਸੂਬੇ ਭਰ 'ਚ ਤਿੰਨ ਵਿਸ਼ਿਆਂ ਦੇ ਅੱਪਡੇਟ ਕੀਤੇ ਖਰੜੇ ਕਲਾਸਰੂਮਾਂ 'ਚ ਵਿਦਿਆਰਥੀਆਂ ਲਈ ਪਾਇਲਟ ਪ੍ਰੋਗਰਾਮ ਵਜੋਂ ਚਲਾ ਸਕਦੇ ਹਨ।

ਐਲਬਰਟਾ ਸਰਕਾਰ ਕਰੀਕੁਲਮ ਇੰਪਲੀਮੈਂਟੇਸ਼ਨ ਐਡਵਾਇਜ਼ਰੀ ਗਰੁੱਪ ਦੀ ਸਲਾਹ ਦੇ ਆਧਾਰ 'ਤੇ ਕਿੰਡਰਗਾਰਟਨ ਤੋਂ ਗਰੇਡ 6 (ਕੇ-6) ਦੇ ਕਰੀਕੁਲਮ ਨੂੰ ਨਵਿਆਉਣ ਲਈ ਇਕ ਸੰਤੁਲਤ ਅਤੇ ਪੜਾਅਵਾਰੀ ਪਹੁੰਚ ਅਖਤਿਆਰ ਕਰਨੀ ਜਾਰੀ ਰੱਖ ਰਹੀ ਹੈ। ਸਤੰਬਰ 'ਚ, ਅੱਪਡੇਟ ਕੀਤੇ ਕੇ-6 ਕਰੀਕੁਲਮ ਲਈ ਕਲਾਸਰੂਮ ਪਾਇਲਟ ਸਇੰਸ, ਫਰੈਂਚ ਫਸਟ ਲੈਂਗੂਏਜ ਐਂਡ ਲਿਟਰੇਚਰ, ਅਤੇ ਫਰੈਂਚ ਇੰਮਰਸ਼ਨ ਲੈਂਗੂਏਜ ਆਰਟਸ ਐਂਡ ਲਿਟਰੇਚਰ ਨਾਲ ਸ਼ੁਰੂ ਹੋ ਜਾਵੇਗਾ।

## ਕਲਾਸਰੂਮ ਪਾਇਲਟਿੰਗ

ਐਲਬਰਟਾ ਸਰਕਾਰ ਸਕੂਲ ਅਧਿਕਾਰੀਆਂ ਨੂੰ ਵੱਧ ਤੋਂ ਵੱਧ ਲਚਕਤਾ ਪ੍ਰਦਾਨ ਕਰ ਰਹੀ ਹੈ ਕਿ ਉਨ੍ਹਾਂ ਨੇ ਅੱਪਡੇਟ ਕੀਤੇ ਕਰੀਕੁਲਮ ਦੀ ਵਿਕਲਪੀ ਕਲਾਸਰੂਮ ਪਾਇਲਟਿੰਗ 'ਚ ਕਿਵੇਂ ਸ਼ਾਮਲ ਹੋਣਾ ਹੈ। ਪਾਇਲਟਿੰਗ ਦੇ ਤਜ਼ਰਬੇ 'ਚ ਸ਼ਾਮਲ  ਹੋਵੇਗਾ:

- ਅਧਿਆਪਕਾਂ ਦੀ ਪ੍ਰੋਫੈਸ਼ਨਲ ਸਿੱਖਿਆ ਦੇ ਮੌਕੇ ਦੇ ਕੇ ਸਹਾਇਤਾ ਕਰਨਾਂ
- ਕਲਾਸਰੂਮਾਂ 'ਚ ਅੱਪਡੇਟ ਕੀਤੇ ਗਏ ਵਿਸ਼ਿਆਂ ਨਾਲ ਕੰਮ ਕਰਨ ਲਈ ਜਾਣਕਾਰੀ ਅਤੇ ਸੰਦ
- ਕਰੀਕੁਲਮ ਖਰੜਿਆਂ ਦੀ ਪਾਇਲਟਿੰਗ ਕਰ ਰਹੇ ਅਧਿਆਪਕਾਂ ਕੋਲੋਂ ਫੀਡਬੈਕ ਇਕੱਤਰ ਕਰਨਾਂ

6 ਜੂਨ ਤੱਕ  ਸਕੂਲ ਅਧਿਕਾਰੀ ਕਲਾਸਰੂਮ ਪਾਇਲਟਿੰਗ 'ਚ ਸ਼ਾਮਲ ਹੋਣ ਦੀ ਆਪਣੀ ਇੱਛਾ ਦੱਸ ਦੇਣਗੇ, ਸਮੇਤ ਇਸਦੇ ਕਿ ਕਿੰਨੇ ਅਧਿਆਪਕ, ਵਿਸ਼ੇ ਅਤੇ ਗਰੇਡ ਲੈਵਲ ਸ਼ਾਮਲ ਹਨ, ਜਿਹੜੇ ਉਹ ਪਾਇਲਟ ਕਰਨਗੇ।

ਜਦੋਂ ਕਿ ਕਲਾਸਰੂਮ ਪਾਇਲਟਿੰਗ ਆ ਰਹੀ ਹੈ, ਐਲਬਰਟਾ ਨਿਵਾਸੀ ਅੱਪਡੇਟ ਕੀਤੇ ਕੇ-6 ਵਿਸ਼ਿਆਂ ਦੇ ਖਰੜਿਆਂ ਬਾਰੇ ਆਪਣੀ ਰਾਇ ਦੇ ਸਕਣ ਦੇ ਯੋਗ ਹੋਣਗੇ। 2023 ਦੀ ਬਹਾਰ ਰੁੱਤੇ, ਕਲਾਸਰੂਮ ਪਾਇਲਟਿੰਗ ਅਤੇ ਐਲਬਰਟਾ ਨਿਵਾਸੀਆਂ ਤੋਂ ਆਈ ਫੀਡਬੈਕ ਤਿੰਨਾਂ ਕਰੀਕੁਲਮਾਂ ਦੇ 2023-24 ਸਕੂਲੀ ਵਰ੍ਹੇ ਦੌਰਾਨ ਸੂਬੇ ਭਰ 'ਚ ਲਾਗੂ ਕੀਤੇ ਜਾਣ ਤੋਂ ਪਹਿਲਾਂ ਉਨ੍ਹਾਂ ਦੀਆਂ ਅੰਤਮ ਅੱਪਡੇਟਾਂ ਲਈ ਜਾਣਕਾਰੀ ਦੇਵੇਗੀ।

## ਤਿੰਨ ਵਿਸ਼ਿਆਂ 'ਚ ਵਿਸ਼ਾ-ਵਸਤੂ ਅੱਪਡੇਟਾਂ

ਕੇ-6 ਸਾਇੰਸ, ਫਰੈਂਚ ਫਸਟ ਲੈਂਗੂਏਜ ਐਂਡ ਲਿਟਰੇਚਰ ਅਤੇ ਫਰੈਂਚ ਇੰਮਰਸ਼ਨ ਲੈਂਗੂਏਜ ਆਰਟਸ ਐਂਡ ਲਿਟਰੇਚਰ ਖਰੜਿਆਂ ਨੂੰ, ਮਾਰਚ 2021 ਅਤੇ ਮਾਰਚ 2022 ਦੇ ਦਰਮਿਆਨ ਕਲਾਸਰੂਮ ਪਾਇਲਟਿੰਗ ਅਤੇ ਐਂਗੇਜਮੈਂਟ ਐਕਟਿਵਿਟੀਆਂ ਤੋਂ ਮਿਲੀ ਸਾਰੀ ਫੀਡਬੈਕ ਨੂੰ ਧਿਆਨ 'ਚ ਰੱਖਦਿਆਂ ਅੱਪਡੇਟ ਕੀਤਾ ਗਿਆ ਸੀ। ਵਿਸ਼ੇ-ਵਸਤੂ ਨੂੰ ਕੈਨੇਡਾ ਅਤੇ ਅੰਤਰਰਾਸ਼ਟਰੀ ਪੱਧਰ ਦੇ ਉੱਤਮ ਕਾਰਗੁਜ਼ਾਰੀ ਵਾਲੇ ਖੇਤਰਾਂ, ਅਤੇ ਨਾਲ ਦੀ ਨਾਲ ਜਾਣਕਾਰੀ-ਭਰਪੂਰ ਕਰੀਕੁਲਮਾਂ ਵਾਲੇ ਖੇਤਰਾਂ ਦੇ ਨਾਲ ਇਕਸਾਰ ਕੀਤਾ ਗਿਆ ਸੀ। ਅੱਪਡੇਟਾਂ 'ਚ ਸ਼ਾਮਲ ਹੈ:

- ਕੇ-6 ਸਾਇੰਸ ਦੇ ਵਿਸ਼ੇ-ਵਸਤੂ 'ਚ, ਵਿਗਿਆਨਕ ਤਰੀਕਿਆਂ ਅਤੇ ਦਸਤੀ ਐਕਟਿਵਿਟੀਆਂ ਨੂੰ ਸੰਮਿਲਤ ਕਰਨ, ਪ੍ਰਕਿਰਤੀ ਨਾਲ ਸਬੰਧਾਂ 'ਤੇ ਜ਼ੋਰ ਦੇਣ ਅਤੇ ਡਿਜੀਟਲ ਸਾਖਰਤਾ ਤੇ ਨੈਤਿਕਤਾ ਨਾਲ ਨਿਪਟਣ ਲਈ ਦੁਹਰਾਈਆਂ ਅਤੇ ਵਾਧੇ।
- ਕੇ-6 ਫਰੈਂਚ ਫਸਟ ਲੈਂਗੁਏਜ ਐਂਡ ਲਿਟਰੇਚਰ ਦੇ ਖਰੜੇ ਦੇ ਵਿਸ਼ੇ-ਵਸਤੂ 'ਚ ਵਾਧੇ ਫਰੈਂਕੋਫੋਨ ਪਰਿਪੇਖਾਂ ਅਤੇ ਸੱਭਿਆਚਾਰ ਦੀ ਸ਼ਮੂਲੀਅਤ ਦੁਆਰਾ ਫਰੈਂਕਫੋਨ ਪਛਾਣ ਦੇ ਵਿਕਸਤ ਹੋਣ ਨੂੰ ਸਹਿਯੋਗ ਦੇਣਗੇ।
- ਕੇ-6 ਫਰੈਂਚ ਇੰਮਰਸ਼ਨ ਲੈਂਗੁਏਜ ਆਰਟਸ ਐਂਡ ਲਿਟਰੇਚਰ ਕਰੀਕੁਲਮ ਦੇ ਖਰੜੇ 'ਚ ਫਰੈਂਕਫੋਨ ਪਰਿਪੇਖਾਂ ਅਤੇ ਸੱਭਿਆਚਾਰ ਨੂੰ ਮਜ਼ਬੂਤ ਕਰਨ, ਤਰਕਸੰਗਤ ਸਿੱਖਿਆ ਪ੍ਰਗਤੀ ਮੁਹੱਈਆ ਕਰਨ, ਅਸਰਦਾਇਕ ਅਤੇ ਸਾਰਥਕ ਸੰਚਾਰ ਨੂੰ ਵਿਕਸਤ ਕਰਨ ਅਤੇ ਗੰਭੀਰ ਪ੍ਰਕਾਰ ਦੀ ਸੋਚ ਅਤੇ ਭਾਸ਼ਾ ਹੁਨਰਾਂ 'ਚ ਸਹਾਈ ਹੋਣ ਲਈ ਵਾਧੇ।
- ਵਿਸ਼ੇ-ਵਸਤੂ ਦੇ ਬੋਝ, ਉਮਰ ਅਨੁਸਾਰ ਅਨੁਕੂਲਤਾ, ਸ਼ਾਬਦਿਕ ਸਪੱਸ਼ਟਤਾ ਅਤੇ ਫਸਟ ਨੇਸ਼ਨ, ਮੈਟਿਸ ਅਤੇ ਇੰਨਿਯੂਟ ਸਮੱਗਰੀ ਸਬੰਧੀ ਸ਼ਿਕਵਿਆਂ ਨਾਲ ਨਿਪਟਣ ਲਈ ਤਿੰਨ ਕੇ-6 ਵਿਸ਼ਿਆਂ 'ਚ ਤਬਦੀਲੀਆਂ।

## ਸਬੰਧਤ ਜਾਣਕਾਰੀ

- ਗਰੇਡ ਕੇ-6 ਕਰੀਕੁਲਮ ਨੂੰ ਨਵਿਆਉਣਾ।

## ਸਬੰਧਤ ਖਬਰਾਂ

- ਨਵੇਂ ਕਰੀਕੁਲਮ ਦੇ ਤਿੰਨ ਵਿਸ਼ੇ ਕਲਾਸ ਰੂਮ ਲਈ ਤਿਆਰ (13 ਅਪਰੈਲ 2022)
- ਅੱਪਡੇਟ ਕੀਤਾ ਕਰੀਕੁਲਮ ਵਿਦਿਆਰਥੀਆਂ ਨੂੰ ਕਾਮਯਾਬੀ ਲਈ ਤਿਆਰ ਬਣਾਉਂਦਾ ਹੈ (10 ਮਾਰਚ 2022)
- ਕੇ-6 ਕਰੀਕੁਲਮ ਨੂੰ ਲਾਗੂ ਕਰਨ ਲਈ ਅਗਲੇ ਕਦਮ (20 ਜਨਵਰੀ 2022)
- ਕੇ-6 ਕਰੀਕੁਲਮ ਦੇ ਖਰੜੇ ਬਾਰੇ ਐਲਬਰਟਾ ਨਿਵਾਸੀਆਂ ਨੂੰ ਸੁਣਨਾ (13 ਦਸੰਬਰ 2022)


ALBERTA'S RECOVERY PLAN

Alberta's Recovery Plan is a plan to breathe new life into Alberta's economy and create new opportunities for every Albertan. It's a plan to build, to diversify, and to create jobs.